**ਦਫਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ -ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ**

**ਸਮੱਗਰ ਸਿੱਖਿਆ ਅਭਿਆਨ (ਪੰਜਾਬ)**

**ਪੰਜਵੀਂ ਮੰਜ਼ਿਲ, ਈ.ਬਲਾਕ, ਸਿੱਖਿਆ ਭਵਨ, ਫੇਜ਼-8, ਸਅਸ ਨਗਰ, ਪੰਜਾਬ-160062**

---

**ਵੱਲ**

**ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ)**

**ਪੰਜਾਬ ।**

ਮੀਮੋ ਨੰ: **2023 /** ਐਨ.ਐਸ.ਕਿਉ.ਐਫ (350130)/ 308803 ਮਿਤੀ: 03/11/2023

**ਵਿਸ਼ਾ:- NSQF ਤਹਿਤ ਸਾਲ 2023-24 ਲਈ ਜਾਰੀ ਕੀਤੀ ਗਈ IndustryVisitਗਰਾਂਟ ਸਬੰਧੀ।**

***ਹਵਾਲਾ:- ਮੀਮੋ ਨੰ. 2023/ ਐਨ.ਐਸ.ਕਿਉ.ਐਫ (350130) 207162 ਮਿਤੀ 26/07/2023.***

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2.0 ਹਵਾਲਾ ਅਧੀਨ ਪੱਤਰ (**ਨੱਥੀ**) ਰਾਹੀਂ ਆਪ ਜੀ ਨੂੰ PAB ਭਾਰਤ ਸਰਕਾਰ ਵੱਲੋਂ ਪ੍ਰਵਾਨਿਤ ਗਤੀਵਿਧੀ **Industry Visit** ਨੂੰ ਅਗਸਤ ਮਹੀਨੇ ਵਿੱਚ ਪਹਿਲੀ ਅਤੇ ਅਕਤੂਬਰ/ਨਵੰਬਰ ਮਹੀਨੇ ਵਿੱਚ ਦੂਜੀ **Industry Visit** ਕਰਵਾਉਣ ਦੀ ਹਦਾਇਤ ਕੀਤੀ ਗਈ ਸੀ। ਪੱਤਰ ਵਿੱਚ ਇਹ ਵੀ ਹਦਾਇਤ ਕੀਤੀ ਗਈ ਸੀ ਕਿ ਗ੍ਰਾਂਟ ਸਮੇਂ ਸਿਰ ਨਾ ਪ੍ਰਾਪਤ ਹੋਣ ਦੀ ਸੂਰਤ ਵਿੱਚ ਇਸ ਗਤੀਵਿਧੀ ਤੇ ਆਉਣ ਵਾਲਾ ਖਰਚਾ ਅਮਲਗਾਮੇਟਡ ਫੰਡ ਵਿੱਚੋਂ ਕਰ ਲਿਆ ਜਾਵੇ ਅਤੇ ਗ੍ਰਾਂਟ ਪ੍ਰਾਪਤ ਹੋਣ ਉਪਰੰਤ ਇਸ ਮੰਤਵ ਲਈ ਖਰਚਿਆ ਪੈਸਾ ਅਮਲਗਾਮੇਟਡ ਫੰਡ ਵਿੱਚ ਜਮਾ ਕਰਵਾ ਦਿੱਤਾ ਜਾਵੇ।

3.0 ਮਿਤੀ 01-11-2023 ਨੂੰ ਫਾਇਨਾਂਸ ਵਿੰਗ ਸਮੱਗਰਾ ਵੱਲੋਂ ਜਾਰੀ ਕੀਤੇ ਗਏ ਪੱਤਰ (**ਨਾਲ ਨੱਥੀ**) ਅਨੁਸਾਰ ਆਪ ਜੀ ਨੂੰ ਗ੍ਰਾਂਟ ਭੇਜ ਦਿੱਤੀ ਗਈ ਹੈ।

4.0 ਖਰਚ ਕੀਤੀ ਗਈ ਰਾਸ਼ੀ ਦੇ ਵਰਤੋਂ ਸਰਟੀਫਿਕੇਟ ਮਿਤੀ 30-11-2023 ਤੱਕ ਮੁੱਖ ਦਫਤਰ ਨੂੰ ਭੇਜਿਆ ਜਾਵੇ ਅਤੇ NSQF ਦੀ ਈ-ਮੇਲ ਆਈ.ਡੀ nsqfpunjab@punjabeducation.gov.in ਤੇ ਵੀ ਸੂਚਿਤ ਕੀਤਾ ਜਾਵੇ।

3/11/23

**ਸਹਾਇਕ ਡਾਇਰੈਕਟਰ (ਵੋਕੇਸ਼ਨਲ)**

**ਸਮੱਗਰ ਸਿੱਖਿਆ ਅਭਿਆਨ, ਪੰਜਾਬ।**

**ਨੱਥੀ ਉਕਤ ਅਨੁਸਾਰ।**

**ਦਫਤਰ ਪੰਜਾਬ ਸਮੱਗਰਾ ਸਿੱਖਿਆ ਅਭਿਆਨ**

**ਸਿੱਖਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ) ਬਲਾਕ ਈ ਫੇਜ 8 ਜਿਲ੍ਹਾ ਐਸ.ਏ.ਐਸ.ਨਗਰ**

ਵੱਲ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.),
ਪੰਜਾਬ ਸਮੱਗਰਾ ਸਿੱਖਿਆ ਅਭਿਆਨ,
ਪੰਜਾਬ।

Industry Visit letter

ਮੀਮੋ ਨੰ: ਸਸਅ/ਵਿੱਤ/2023-24/2023307013
ਮਿਤੀ: ਐਸ.ਏ.ਐਸ. ਨਗਰ : 01/11/2023

**ਵਿਸ਼ਾ:-** **ਪੰਜਾਬ ਸਮੱਗਰਾ ਸਿੱਖਿਆ ਅਭਿਆਨ ਅਧੀਨ ਸਾਲ 2023-24 ਲਈ ਰਾਸ਼ੀ ਐਲੋਕੇਟ ਕਰਨ ਸਬੰਧੀ।**

1. ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।
2. ਆਪ ਦੇ ਜਿਲ੍ਹੇ ਲਈ ਸਾਲ 2023-24 ਲਈ ਗਤੀਵਿਧੀ Cost of providing Hands Training Students (Existing)(Head no. 217.275) ਅਧੀਨ ਫੰਡਜ਼ ਦੀ ਨਾਲ ਨਿਮਨ ਵੇਰਵੇ ਅਨੁਸਾਰ PFMS Portal ਤੇ Child Limit ਐਲੋਕੇਸ਼ਨ ਕਰ ਦਿੱਤੀ ਗਈ ਹੈ।

(Rs.in lacs)

| S.No. | Name of the District | Cost of providing Hands Training Students (Existing) (Head no. 217.275) |
|---|---|---|
| 1 | Amritsar | 48.90000 |
| 2 | Barnala | 15.00000 |
| 3 | Bathinda | 42.60000 |
| 4 | Faridkot | 17.70000 |
| 5 | Fatehgarh Sahib | 17.10000 |
| 6 | Fazilka | 32.10000 |
| 7 | Ferozepur | 23.70000 |
| 8 | Gurdaspur | 37.20000 |
| 9 | Hoshiarpur | 29.10000 |
| 10 | Jalandhar | 42.00000 |
| 11 | Kapurthala | 23.10000 |
| 12 | Ludhiana | 37.50000 |
| 13 | Malerkotla | 6.90000 |
| 14 | Mansa | 29.10000 |
| 15 | Moga | 26.40000 |
| 16 | Mohali | 18.30000 |

| | | |
|---|---|---|
| 17 | Muktsar | 32.40000 |
| 18 | Nawanshahar | 18.30000 |
| 19 | Pathankot | 15.00000 |
| 20 | Patiala | 38.10000 |
| 21 | Ropar | 19.20000 |
| 22 | Sangrur | 32.40000 |
| 23 | Tarn-Taran | 24.60000 |
| | **Total** | **626.70000** |

3. ਐਲੋਕੇਟ ਕੀਤੀ ਗਈ ਰਾਸ਼ੀ ਨੂੰ Manual on 'Financial Management & Procurement' ਦੀਆਂ ਹਦਾਇਤਾਂ ਅਤੇ ਭਾਰਤ ਸਰਕਾਰ ਦੀਆਂ ਸਮੇਂ ਸਮੇਂ ਤੇ ਜਾਰੀ ਹਦਾਇਤਾਂ ਦੇ ਅਨੁਸਾਰ ਹੀ ਖਰਚ ਕੀਤਾ ਜਾਵੇ।
4. ਸਾਲ 2023-24 ਵਿੱਚ ਫੰਡਜ਼ ਦੀ ਵਰਤੋਂ PAB ਅਨੁਸਾਰ ਕੀਤੀ ਜਾਵੇ ਅਤੇ UC ਲੈਣਾ ਵੀ ਯਕੀਨੀ ਬਣਾਇਆ ਜਾਵੇ।
5. ਐਲੋਕੇਟ ਕੀਤੇ ਗਏ ਫੰਡਜ਼ ਦੀ **PFMS (Public Financial Management System) Portal** ਦੇ **EAT Module** ਰਾਂਹੀ ਹੀ ਖਰਚ ਕੀਤਾ ਜਾਵੇ ਅਤੇ **PRABANDH Portal** ਤੇ ਸਮੇਂ ਸਿਰ ਅੱਪਡੇਟ ਕਰਨਾ ਯਕੀਨੀ ਬਣਾਇਆ ਜਾਵੇ।
6. ਐਲੋਕੇਟ ਰਾਸ਼ੀ ਤੁਰੰਤ ਸਬੰਧਤ ਨੂੰ ਜਾਰੀ ਕਰਕੇ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।

**ਡਿਪਟੀ ਸਟੇਟ ਪ੍ਰੋਜੈਕਟਰ ਡਾਇਰੈਕਟਰ,**

ਪਿੱਠ ਅੰਕਣ ਨੰ. : ਸਸਅ/ਵਿੱਤ/2023-24/2023307014 ਮਿਤੀ : 01/11/2023

ਉਪਰੋਕਤ ਦਾ ਉਤਾਰਾ ਸਮੂਹ ਡਿਪਟੀ ਕਮਿਸ਼ਨਰ, ਪੰਜਾਬ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**ਡਿਪਟੀ ਸਟੇਟ ਪ੍ਰੋਜੈਕਟਰ ਡਾਇਰੈਕਟਰ,**

**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ -ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ**

**ਸਮੱਗਰਾ ਸਿੱਖਿਆ ਅਭਿਆਨ (ਪੰਜਾਬ)**

ਪੰਜਵੀ ਮੰਜਿਲ, ਈ.ਬਲਾਕ,ਸਿੱਖਿਆ ਭਵਨ,ਫੇਜ਼-8, ਸਅਸ ਨਗਰ, ਪੰਜਾਬ-160062

ਵੱਲ

**ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ ਅਤੇ ਸੈ.ਸਿ)**
**ਪੰਜਾਬ।**

ਮੀਮੋ ਨੰ:2023/ਐਨ.ਐਸ.ਕਿਉ.ਐਫ(350130)੨੦੭੬੨ ਮਿਤੀ: ੨੬/੦੭/੨੦੨੩

**ਵਿਸ਼ਾ:-ਐਨ.ਐਸ.ਕਿਊ.ਐਫ ਤਹਿਤ 2089 ਵੋਕੇਸ਼ਨਲ ਲੈਬਜ਼ ਅਧੀਨ ਦਿੱਤੀ ਜਾ ਰਹੀ ਵੋਕੇਸ਼ਨਲ ਸਿੱਖਿਆ ਲਈ ਸਾਲ 2023-24 ਵਿੱਚ Industry Visit ਦੀ ਰਾਸ਼ੀ ਖਰਚ ਕਰਨ ਸਬੰਧੀ ਹਦਾਇਤਾਂ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਸਮੱਗਰਾ ਸਿੱਖਿਆ ਤਹਿਤ ਪੰਜਾਬ ਰਾਜ ਦੇ 2089 ਵੋਕੇਸ਼ਨਲ ਲੈਬਜ਼ ਵਿੱਚ NSQF ਤਹਿਤ ਵੋਕੇਸ਼ਨਲ ਸਿੱਖਿਆ ਦਿੱਤੀ ਜਾ ਰਹੀ ਹੈ। ਹਰ ਸਕੂਲ ਵਿੱਚ ਸਕੂਲ ਵਿੱਚ ਇੱਕ ਤੋਂ ਤਿੰਨ ਟਰੇਡਾਂ ਚੱਲ ਰਹੀਆਂ ਹਨ, ਜਿੱਥੇ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਵੋਕੇਸ਼ਨਲ ਟ੍ਰੇਨਰਾਂ ਵੱਲੋਂ ਵੋਕੇਸ਼ਨਲ ਸਿੱਖਿਆ ਦਿੱਤੀ ਜਾਂਦੀ ਹੈ।

3.0 ਵਿਦਿਆਰਥੀਆਂ ਨੂੰ ਹੋਰ ਵਧੀਆ ਤਰੀਕੇ ਨਾਲ ਸਿਖਲਾਈ ਦੇਣ ਲਈ ਅਤੇ ਅਸਲ industry ਵਿੱਚ ਲਿਜਾ ਕੇ hand-on-training ਦੇਣ ਲਈ ਚਾਰੇ ਜਮਾਤਾਂ ਦੇ ਵਿਦਿਆਰਥੀਆਂ ਨੂੰ ਸਬੰਧਤ ਟ੍ਰੇਡ ਦੀ industry ਵਿੱਚ ਲਿਜਾ ਕੇ Practically ਚੀਜਾਂ/Process ਨੂੰ ਸਮਝਾਉਣ ਦਾ ਉਪਬੰਧ ਹੈ ।

4.0 ਸਾਲ 2023-24 ਦੌਰਾਨ, ਅਗਸਤ ਮਹੀਨੇ ਵਿੱਚ ਵਿਦਿਆਰਥੀਆਂ ਨੂੰ ਪਹਿਲੀ industry visit ਤੇ ਲਾਜ਼ਮੀ ਤੌਰ ਤੇ ਲਿਜਾਣ ਦੀ ਹਦਾਇਤ ਕੀਤੀ ਜਾਂਦੀ ਹੈ ਅਤੇ ਦੂਜੀ industry visit ਅਕਤੂਬਰ/ਨਵੰਬਰ ਮਹੀਨੇ ਵਿੱਚ ਕਰਵਾ ਲਈ ਜਾਵੇ। ਇਸ ਗਤੀਵਿਧੀ ਲਈ ਹੇਠ ਦਿੱਤੇ ਟੇਬਲ ਅਨੁਸਾਰ ਰਾਸ਼ੀ ਭੇਜੀ ਜਾ ਰਹੀ ਹੈ:-

| Sr No. | District | No. of Labs | Total Amount To be disbursed to the districts @ Rs 30000 per Lab (Rs. In Lakhs) |
|---|---|---|---|
| 1 | AMRITSAR | 163 | 48.9 |
| 2 | BARNALA | 50 | 15 |
| 3 | BATHINDA | 142 | 42.6 |
| 4 | FARIDKOT | 59 | 17.7 |
| 5 | FATEHGARH SAHIB | 57 | 17.1 |
| 6 | FAZILKA | 107 | 32.1 |
| 7 | FEROZEPUR | 79 | 23.7 |
| 8 | GURDASPUR | 124 | 37.2 |
| 9 | HOSHIARPUR | 97 | 29.1 |
| 10 | JALANDHAR | 140 | 42 |
| 11 | KAPURTHALA | 77 | 23.1 |
| 12 | LUDHIANA | 125 | 37.5 |
| 13 | Malerkotla | 23 | 6.9 |
| 14 | MANSA | 97 | 29.1 |

| | | | |
|---|---|---|---|
| 15 | MOGA | 88 | 26.4 |
| 16 | MUKTSAR | 108 | 32.4 |
| 17 | PATHANKOT | 50 | 15 |
| 18 | PATIALA | 127 | 38.1 |
| 19 | ROOPNAGAR | 64 | 19.2 |
| 20 | S.B.S. NAGAR | 61 | 18.3 |
| 21 | SANGRUR | 108 | 32.4 |
| 22 | SAS NAGAR | 61 | 18.3 |
| 23 | TARN TARAN | 82 | 24.6 |
| | **Total Amount** | **2089** | **626.7** |

5.0 ਉਪਰੋਕਤ ਲੈਬਜ਼ ਵਿੱਚ PM Shri ਅਧੀਨ ਆਉਂਦੇ ਸਕੂਲਾਂ ਦੀਆਂ ਲੈਬਜ਼ ਸ਼ਾਮਿਲ ਨਹੀਂ ਕੀਤੀਆਂ ਗਈਆਂ ਹਨ। ਇਹਨਾਂ ਸਕੂਲਾਂ ਦੀ ਗ੍ਰਾਂਟ ਭਾਰਤ ਸਰਕਾਰ ਵੱਲੋਂ ਵੱਖਰੇ ਤੌਰ ਤੇ ਪ੍ਰਵਾਨ ਹੋਣ ਉਪਰੰਤ ਜਾਰੀ ਕੀਤੀ ਜਾਵੇਗੀ ।

6.0 ਸਮੂਹ ਸਕੂਲ ਮੁੱਖੀਆਂ/ਪ੍ਰਿੰਸੀਪਲਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਵਿਦਿਆਰਥੀਆਂ ਨੂੰ ਇਹ industry visit ਸਮੇਂ ਸਿਰ ਕਰਵਾ ਲਈ ਜਾਵੇ ਅਤੇ ਜੇਕਰ ਗ੍ਰਾਂਟ ਸਮੇਂ ਸਿਰ ਪ੍ਰਾਪਤ ਨਹੀਂ ਹੁੰਦੀ ਹੈ **ਤਾਂ ਇਸ ਤੇ ਆਉਣ ਵਾਲਾ ਖਰਚਾ Amalgamated ਫੰਡ ਵਿੱਚੋਂ ਕਰਵਾ ਲਿਆ ਜਾਵੇ ਅਤੇ ਗ੍ਰਾਂਟ ਪ੍ਰਾਪਤ ਹੋਣ ਤੇ ਇਸ ਮੰਤਵ ਲਈ ਖਰਚਿਆ ਪੈਸਾ Amalgamated ਫੰਡ ਵਿੱਚ ਜਮ੍ਹਾ ਕਰਵਾ ਦਿੱਤਾ ਜਾਵੇ ।**

7.0 ਸਕੂਲਾਂ ਵੱਲੋਂ Industry Visits ਕਰਵਾਉਣ ਲਈ ਖਰਚੇ ਸਬੰਧੀ ਹਦਾਇਤਾਂ ਹੇਠ ਦਰਸਾਏ ਅਨੁਸਾਰ ਹਨ:-

1 Industry Visits ਸਬੰਧੀ ਗ੍ਰਾਂਟ ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਐਲਮੈਂਟਰੀ ਸਿੱਖਿਆ) ਰਾਹੀਂ ਸਕੂਲ ਪ੍ਰਿੰਸੀਪਲਾਂ ਨੂੰ ਭੇਜੀ ਜਾਵੇਗੀ।

2 Industry Visits ਕਰਵਾਉਣ ਲਈ ਵੋਕੇਸ਼ਨਲ ਟ੍ਰੇਨਰ ਵਲੋਂ VTP ਨਾਲ ਰਾਬਤਾ ਕਾਇਮ ਕੀਤਾ ਜਾਵੇ ਅਤੇ ਪ੍ਰਿੰਸੀਪਲ ਤੋਂ ਅਗਵਾਈ ਲੈਣ ਉਪਰੰਤ ਵਿਜ਼ਿਟ ਪਲਾਨ ਕੀਤੀ ਜਾਵੇ।

3 ਸਕੂਲ ਟਾਈਮ ਦਾ ਧਿਆਨ ਰੱਖਦੇ ਹੋਏ Business/Industry ਦੇ peak hours ਨੂੰ ਵੀ ਧਿਆਨ ਵਿੱਚ ਰੱਖਦੇ ਹੋਏ ਵਿਜ਼ਟ ਕਰਵਾਈ ਜਾਵੇ।

4 ਵਿਦਿਆਰਥੀਆਂ ਨੂੰ ਉਹਨਾਂ ਦੇ ਟਰੇਡ ਅਤੇ ਕੋਰਸ ਸਬੰਧੀ ਹੀ ਵਿਜ਼ਟ ਕਰਵਾਈ ਜਾਵੇ ਅਤੇ ਵਿਜ਼ਟ ਤੋਂ ਬਾਅਦ ਵਿਦਿਆਰਥੀਆਂ ਦਾ ਟੈਸਟ ਜਾਂ ਫੀਡਬੈਕ ਲਿਆ ਜਾਵੇ ਕਿ ਉਹਨਾ ਨੂੰ ਉਸ ਵਿਜ਼ਿਟ ਤੋਂ ਕੀ ਸਿੱਖਣ ਨੂੰ ਮਿਲਿਆ ਅਤੇ ਉਹਨਾਂ ਦੇ ਵਿਚਾਰਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਗਲੀ visit ਪਲਾਨ ਕੀਤਾ ਜਾਵੇ।

5 ਵਿਜ਼ਿਟ ਦੌਰਾਨ ਵੋਕੇਸ਼ਨਲ ਟ੍ਰੇਨਰ ਵਿਦਿਆਰਥੀਆਂ ਦੇ ਨਾਲ ਜਾਵੇਗਾ, ਜੇਕਰ ਵੋਕੇਸ਼ਨਲ ਟ੍ਰੇਨਰ ਅਤੇ ਕੁਆਰਡੀਨੇਟਰ ਦੋਵੇਂ ਹੀ ਨਰ (Male) ਹੋਣ ਅਤੇ ਵਿਦਿਆਰਥਣਾਂ ਵੀ ਹੋਣ ਤਾਂ ਵੋਕੇਸ਼ਨਲ ਟ੍ਰੇਨਰ ਦੇ ਨਾਲ ਸਕੂਲ ਦੀ ਕਿਸੇ ਲੇਡੀ ਟੀਚਰ ਨੂੰ ਵੀ ਨਾਲ ਭੇਜਿਆ ਜਾਵੇ।

6 ਵਿਜ਼ਿਟ ਸਬੰਧੀ ਵਿਦਿਆਰਥੀਆਂ ਨੂੰ ਇਕ ਹਫਤਾ ਪਹਿਲਾਂ ਹੀ ਦੱਸ ਦਿੱਤਾ ਜਾਵੇ ਅਤੇ ਇਸ ਬਾਰੇ ਉਹਨਾਂ ਦੇ ਮਾਤਾ-ਪਿਤਾ ਤੋਂ ਲਿਖਤੀ ਰੂਪ ਵਿੱਚ consent ਵੀ ਲੈ ਲਈ ਜਾਵੇ।

7 ਵਿਦਿਆਰਥੀਆਂ ਦੀ security & discipline ਸਬੰਧੀ ਵੋਕੇਸ਼ਨਲ ਟ੍ਰੇਨਰ ਅਤੇ ਪ੍ਰਿੰਸੀਪਲ ਦੋਵੇਂ ਜ਼ਿੰਮੇਵਾਰ ਹੋਣਗੇ।

8 ਵਿਜ਼ਿਟ ਸਮੇਂ ਵਿਦਿਆਰਥੀ proper school uniform ਵਿੱਚ ਹੋਣ ਅਤੇ ਸਾਰਿਆਂ ਨੇ ਆਈ.ਡੀ.ਕਾਰਡ ਗਲੇ ਵਿੱਚ ਪਾਏ ਹੋਣ ਅਤੇ ਆਪਣੇ ਕੋਰਸ ਨਾਲ ਸਬੰਧਤ ਕਿਤਾਬ ਅਤੇ ਪੈਨ-ਕਾਪੀ ਨਾਲ ਲੈ ਕੇ ਜਾਣ ਤਾਂ ਜੋ ਜਰੂਰੀ ਗੱਲਾਂ ਨੋਟ ਕਰ ਸਕਣ।

9 Industry Visits ਕਰਵਾਉਣ ਉਪਰੰਤ ਖਰਚੇ ਦਾ ਵਾਊਚਰ ਸਕੂਲਾਂ ਵਿੱਚ ਮੇਨਟੇਨ ਕਰਵਾਉਣ ਦੀ ਡਿਊਟੀ ਸਕੂਲ ਮੁੱਖੀ ਦੀ ਹੋਵਗੀ ਅਤੇ ਸਕੂਲ ਪ੍ਰਿੰਸਿਪਲ ਵੱਲੋਂ ਖਰਚ ਕੀਤੀ ਗਈ ਰਕਮ ਦਾ ਵਰਤੇ ਸਰਟੀਫਿਕੇਟ ਸਬੰਧਤ ਜ਼ਿਲਾ ਸਿੱਖਿਆ ਦਫਤਰ ਰਾਹੀਂ ਸਮੱਗਰਾ ਦੇ ਮੁੱਖ ਦਫਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।

10 ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਗਤੀਵਿਧੀ ਕਰਵਾਉਣ ਲਈ ਇਸ ਪੱਤਰ ਵਿੱਚ ਦਰਜ ਹਦਾਇਤਾਂ ਸਕੂਲ ਮੁਖੀਆਂ ਨੂੰ ਭੇਜ ਦਿੱਤੀਆਂ ਜਾਣ। ਖਰਚ ਕੀਤੀ ਗਈ ਰਾਸ਼ੀ ਦੇ ਵਰਤੋਂ ਸਰਟੀਫਿਕੇਟ ਮਿਤੀ 31-12-2023 ਤੱਕ ਮੁੱਖ ਦਫਤਰ ਨੂੰ ਭੇਜਿਆ ਜਾਵੇ ਅਤੇ NSQF ਦੀ ਈ-ਮੇਲ ID ਤੇ ਵੀ ਸੂਚਿਤ ਕੀਤਾ ਜਾਵੇ।

24/7/23

ਸਹਾਇਕ ਡਾਇਰੈਕਟਰ (ਵੋਕੇਸ਼ਨਲ)
ਸਮੱਗਰ ਸਿੱਖਿਆ ਅਭਿਆਨ, ਪੰਜਾਬ।

**ਨੋਂਥੀ:- ਸਬੰਧਤ ਸਕੂਲਾਂ ਦੀ ਲਿਸਟ**

**ਪਿੱਠ ਅੰਕਣ ਨੰ:** *2023/NSQF( 350130)* **ਉਕਤ** 2071/62 **ਮਿਤੀ:** 26/07/2023

**ਉਕਤ ਦਾ ਉਤਾਰਾ ਵੋਕੇਸ਼ਨਲ ਟਰੇਨਿੰਗ ਪ੍ਰਵਾਇਡਰਾਂ ਨੂੰ ਜਾਣਕਾਰੀ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।**

24/7/23

ਸਹਾਇਕ ਡਾਇਰੈਕਟਰ (ਵੋਕੇਸ਼ਨਲ)
ਸਮੱਗਰ ਸਿੱਖਿਆ ਅਭਿਆਨ, ਪੰਜਾਬ।